## ਵਿਕਟਿਮ ਸੁਪੋਰਟ ਵਾਲੇ ਕਿਵੇਂ ਮਦਦ ਕਰ ਸਕਦੇ ਹਨ

ਜੇ ਤੁਹਾਡੇ ਵਿਚਾਰ ਵਿਚ ਤੁਸੀਂ ਕਿਸੇ ਨਸਲੀ ਜੁਰਮ ਜਾਂ ਘਟਨਾ ਦਾ ਸ਼ਿਕਾਰ ਹੋਏ ਹੋ, ਤਾਂ ਵਿਕਟਿਮ ਸੁਪੋਰਟ ਵਾਲੇ ਤੁਹਾਡੀ ਮਦਦ ਕਰ ਸਕਦੇ ਹਨ। ਜੋ ਬੀਤਿਆ ਹੈ, ਉਸ ਬਾਰੇ ਤੁਹਾਨੂੰ ਪੁਲਿਸ ਨੂੰ ਰਿਪੋਰਟ ਕਰਨ ਦੀ ਕੋਈ ਲੋੜ ਨਹੀਂ। ਸਾਡੀ ਸੇਵਾ ਮੁਫ਼ਤ, ਗੁਪਤ ਅਤੇ ਕਮਿਉਨਿਟੀ ਦੇ ਸਾਰੇ ਲੋਕਾਂ ਨੂੰ ਦਿੱਤੀ ਜਾਂਦੀ ਹੈ।

ਨਸਲੀ ਜੁਰਮ ਜਾਂ ਘਟਨਾ ਇੱਕੋ ਵਾਕਿਆ ਹੋ ਸਕਦਾ ਹੈ ਜਾਂ ਇਹ ਕੁਝ ਸਮੇਂ ਤੋਂ ਲਗਾਤਾਰ ਪਰੇਸ਼ਾਨੀ ਹੋ ਸਕਦੀ ਹੈ। ਜੋ ਤੁਹਾਡੇ ਜਾਂ ਤੁਹਾਡੇ ਪਰਿਵਾਰ 'ਤੇ ਬੀਤੀ ਹੈ, ਉਹਨਾਂ ਵਿਚ ਇਹ ਨਸਲੀ ਹਰਕਤਾਂ ਸ਼ਾਮਲ ਹੋ ਸਕਦੀਆਂ ਹਨ:

- ਹੱਤਕਾਂ
- ਧਮਕੀਆਂ
- ਗ੍ਰੈਫ਼ੀਟੀ (ਕੰਧਾਂ ਵਗੈਰਾ 'ਤੇ ਲਿਖਾਈ)
- ਜਾਇਦਾਦ ਨੂੰ ਨੁਕਸਾਨ
- ਧੱਕੇਸ਼ਾਹੀ
- ਸਰੀਰਕ ਹਮਲੇ

ਵਿਕਟਿਮ ਸੁਪੋਰਟ ਦਾ ਇਹ ਵਿਸ਼ਵਾਸ ਹੈ ਕਿ ਜੋ ਕੁਝ ਹੋਇਆ ਹੈ, ਉਸ ਬਾਰੇ ਮਹੱਤਵਪੂਰਣ ਗੱਲ ਹੈ ਤੁਹਾਡੀ ਰਾਇ। ਸਾਨੂੰ ਪਤਾ ਹੈ ਕਿ ਇਸਦੇ ਪ੍ਰਭਾਵ ਕਾਫ਼ੀ ਦੇਰ ਤਕ ਰਹਿ ਸਕਦੇ ਹਨ, ਖ਼ਾਸ ਕਰ ਕੇ ਜੇ ਤੁਹਾਨੂੰ ਬਾਰੋ ਬਾਰ ਇਹ ਕੁੱਝ ਝਲਣਾ ਪਿਆ ਹੈ।

ਤੁਸੀਂ ਜੁਰਮ ਹੋਣ ਮਗਰੋਂ ਤੁਰੰਤ ਹੀ ਜਾਂ ਕੁਝ ਦੇਰ ਬਾਅਦ ਵਿਕਟਿਮ ਸੁਪੋਰਟ ਤੋਂ ਮਦਦ ਲੈ ਸਕਦੇ ਹੋ। ਅਸੀਂ ਮਦਦ ਇਸ ਤਰ੍ਹਾਂ ਦਿੰਦੇ ਹਾਂ:

- ਤੁਹਾਡੀ ਕਮਿਉਨਿਟੀ ਵਿਚ ਵਿਕਟਿਮ ਸੁਪੋਰਟ ਸਕੀਮਾਂ ਰਾਹੀਂ
- ਕ੍ਰਾਉਨ ਕੋਰਟ (ਵੱਡੀਆਂ ਅਦਾਲਤਾਂ ਦੇ) ਕੇਂਦਰਾਂ ਵਿਚ ਅਤੇ ਕਈ ਮਜਿਸਟ੍ਰੇਟਾਂ ਦੀਆਂ ਅਦਾਲਤਾਂ ਵਿਚ ਵਿਟਨੈੱਸ ਸਰਵਿਸਿਜ਼ (ਗਵਾਹਾਂ ਸੰਬੰਧੀ ਸੇਵਾਵਾਂ) ਰਾਹੀਂ
- ਸਾਡੀ ਟੈਲੀਫ਼ੋਨ ਸੇਵਾ, ਵਿਕਟਿਮ ਸੁਪੋਰਟਲਾਈਨ ਰਾਹੀਂ।

ਵਿਕਟਿਮ ਸੁਪੋਰਟ ਜਜ਼ਬਾਤੀ ਸਹਾਰਾ, ਜਾਣਕਾਰੀ ਅਤੇ ਅਮਲੀ ਮਦਦ ਦਿੰਦੀ ਹੈ।

ਵਿਕਟਿਮ ਸੁਪੋਰਟ ਜੁਰਮ ਦੇ ਸ਼ਿਕਾਰ ਲੋਕਾਂ ਲਈ ਰਾਸ਼ਟਰੀ ਖ਼ੈਰਾਇਤੀ ਸੰਸਥਾ ਹੈ। ਅਸੀਂ ਸ਼ਿਕਾਰ ਹੋਏ ਲੋਕਾਂ, ਗਵਾਹਾਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਹੱਕਾਂ ਲਈ ਕੰਮ ਕਰਦੇ ਹਾਂ ਅਤੇ ਜੁਰਮਾਂ ਦੇ ਪ੍ਰਭਾਵਾਂ ਬਾਰੇ ਵਧੇਰੇ ਚੇਤਨਾ ਲਈ ਵੀ। ਵਿਕਟਿਮ ਸੁਪੋਰਟ ਹਰ ਸਾਲ ਜੁਰਮ ਦੇ ਸ਼ਿਕਾਰ ਹੋਏ ਦਸ ਲੱਖ ਤੋਂ ਵਧੇਰੇ ਲੋਕਾਂ ਨੂੰ ਮਦਦ ਦਿੰਦੀ ਹੈ।

ਸਾਡੇ ਕਰਮਚਾਰੀ ਅਤੇ ਵਾਲੰਟੀਅਰ ਇਹ ਜਾਣਦੇ ਹਨ ਕਿ ਤੁਸੀਂ ਇਕ ਵਿਅਕਤੀ ਹੋ, ਅਤੇ ਇਹ ਵੀ ਕਿ ਹਰ ਜੀਅ 'ਤੇ ਪ੍ਰਭਾਵ ਵੱਖਰਾ ਵੱਖਰਾ ਹੁੰਦਾ ਹੈ।

ਵਿਕਟਿਮ ਸੁਪੋਰਟ ਤੁਹਾਨੂੰ ਕਿਸੇ ਨਾਲ ਗੁਪਤ ਤੌਰ 'ਤੇ ਗੱਲਬਾਤ ਕਰਨ ਦਾ ਮੌਕਾ ਦਿੰਦੀ ਹੈ। ਸਾਡੇ ਵਾਲੰਟੀਅਰ ਲੋਕਾਂ ਨੂੰ ਉਹਨਾਂ ਦੇ ਆਪਣੇ ਘਰਾਂ ਵਿਚ ਜਾ ਕੇ ਮਿਲ ਸਕਦੇ ਹਨ ਜਾਂ ਕਿਸੇ ਹੋਰ ਥਾਂ। ਜੇ ਸਾਡੇ ਕੋਲ ਕੋਈ ਅਜਿਹਾ ਜੀਅ ਨਾ ਹੋਵੇ, ਜਿਹੜਾ ਤੁਹਾਡੀ ਭਾਸ਼ਾ ਬੋਲ ਸਕਦਾ ਹੋਵੇ, ਤਾਂ ਅਸੀਂ ਦੁਭਾਸ਼ੀਏ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰ ਸਕਦੇ ਹਾਂ।

ਵਿਕਟਿਮ ਸੁਪੋਰਟ ਵਾਲੇ ਪੁਲਿਸ ਬਾਰੇ ਅਤੇ ਅਦਾਲਤੀ ਕਾਰਵਾਈਆਂ ਬਾਰੇ ਜਾਣਕਾਰੀ ਦੇ ਸਕਦੇ ਹਨ ਅਤੇ ਜੇ ਜ਼ਰੂਰੀ ਹੋਵੇ, ਤਾਂ ਇਸ ਗੱਲ ਦਾ ਪ੍ਰਬੰਧ ਕਰ ਸਕਦੇ ਹਨ ਕਿ ਕੋਈ ਵਾਲੰਟੀਅਰ ਤੁਹਾਡੇ ਨਾਲ ਪੁਲਿਸ ਸਟੇਸ਼ਨ ਜਾਂ ਅਦਾਲਤ ਵਿਚ ਜਾਵੇ।

ਵਿਕਟਿਮ ਸੁਪੋਰਟ ਵਾਲੇ ਤੁਹਾਡੇ ਵਲੋਂ ਦੂਜੀਆਂ ਸੰਸਥਾਵਾਂ ਨਾਲ, ਜਿਵੇਂ ਪੁਲਿਸ ਅਤੇ ਹਾਊਜ਼ਿੰਗ (ਰਿਹਾਇਸ਼ੀ) ਵਿਭਾਗਾਂ ਨਾਲ ਤਾਲਮੇਲ ਕਾਇਮ ਕਰ ਸਕਦੇ ਹਨ।
ਵਿਕਟਿਮ ਸੁਪੋਰਟ ਵਾਲੇ ਤੁਹਾਨੂੰ ਅਮਲੀ ਮਦਦ ਦੇ ਸਕਣ ਵਾਲੇ ਹੋਰ

ਲੋਕਾਂ ਬਾਰੇ ਵੀ ਦਸ ਸਕਦੇ ਹਨ, ਜਿਵੇਂ ਮੁਰੰਮਤ ਕਰਵਾਉਣ, ਹਿਫ਼ਾਜ਼ਤ ਵਧਾਉਣ ਅਤੇ ਗ੍ਰੈਫ਼ੀਟੀ ਹਟਾਉਣ ਵਿਚ ਮਦਦ ਦੇ ਸਕਣ ਵਾਲਿਆਂ ਬਾਰੇ।

**ਕਤਲ**

ਸਾਡੇ ਕਰਮਚਾਰੀਆਂ ਅਤੇ ਵਾਲੰਟੀਅਰਾਂ ਨੂੰ ਇਹ ਸਿਖਿਆ ਮਿਲੀ ਹੁੰਦੀ ਹੈ ਕਿ ਉਹ ਅਜਿਹੇ ਲੋਕਾਂ ਦੀ ਮਦਦ ਕਰ ਸਕਣ, ਜਿਹੜੇ ਇਸ ਤਰ੍ਹਾਂ ਦੀ ਦਰਦਨਾਕ ਹਾਲਤ ਵਿਚ ਹੋਣ। ਹਰ ਸਾਲ ਅਸੀਂ ਕਈ ਸ਼ੋਕਗ੍ਰਸਤ ਲੋਕਾਂ ਦੀ ਮਦਦ ਕਰਦੇ ਹਾਂ।

**ਹਰਜਾਨਾ**

ਹਿੰਸਾ ਦੇ ਸ਼ਿਕਾਰ ਹੋਏ ਲੋਕ, ਉਹਨਾਂ ਨੂੰ ਆਈਆਂ ਸੱਟਾਂ-ਚੋਟਾਂ ਲਈ, ਕ੍ਰਿਮਿਨਲ ਇੰਜਰੀਜ਼ ਕੰਪਨਸੇਸ਼ਨ (ਮੁਜਰਮਾਨਾ ਸੱਟਾਂ-ਚੋਟਾਂ ਲਈ ਹਰਜਾਨੇ ਦੀ) ਅਥਾਰਿਟੀ ਤੋਂ ਹਰਜਾਨੇ ਦੇ ਹੱਕਦਾਰ ਹੋ ਸਕਦੇ ਹਨ। ਵਿਕਟਿਮ ਸੁਪੋਰਟ ਤੋਂ ਹੋਰ ਜਾਣਕਾਰੀ ਮਿਲ ਸਕਦੀ ਹੈ ਅਤੇ ਹਰਜਾਨੇ ਲਈ ਕਲੇਮ ਦਰਜ ਕਰਨ ਵਿਚ ਮਦਦ ਮਿਲ ਸਕਦੀ ਹੈ।

**ਅਦਾਲਤ ਵਿਚ ਮਦਦ**

ਜੇ ਤੁਹਾਡਾ ਕੇਸ ਅਦਾਲਤ ਵਿਚ ਜਾ ਰਿਹਾ ਹੈ, ਤਾਂ ਵਿਕਟਿਮ ਸੁਪੋਰਟ ਦੀ ਵਿਟਨੈੱਸ ਸਰਵਿਸ (ਗਵਾਹਾਂ ਸੰਬੰਧੀ ਸੇਵਾ) ਸਹਾਰਾ ਅਤੇ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਅਦਾਲਤੀ ਕਾਰਵਾਈਆਂ ਬਾਰੇ ਜਾਣਕਾਰੀ ਦੇ ਸਕਦੀ ਹੈ। ਇਹ ਸੇਵਾ ਸਾਰੇ ਕ੍ਰਾਉਨ ਕੋਰਟ ਕੇਂਦਰਾਂ ਵਿਚ ਅਤੇ ਵੱਧ ਰਹੀ ਗਿਣਤੀ ਵਿਚ ਮਜਿਸਟ੍ਰੇਟਾਂ ਦੀਆਂ ਅਦਾਲਤਾਂ ਵਿਚ ਮਿਲਦੀ ਹੈ।

**ਵਿਕਟਿਮ ਸੁਪੋਰਟ ਨਾਲ ਸੰਪਰਕ ਕਿਵੇਂ ਕੀਤਾ ਜਾਏ**

ਜੇ ਤੁਸੀਂ ਜੁਰਮ ਦੀ ਰਿਪੋਰਟ ਨਹੀਂ ਵੀ ਕਰਨਾ ਚਾਹੁੰਦੇ, ਤਾਂ ਵੀ ਤੁਸੀਂ ਆਪ ਹੀ ਵਿਕਟਿਮ ਸੁਪੋਰਟ ਨਾਲ ਸਿੱਧਾ ਸੰਪਰਕ ਕਰ ਸਕਦੇ ਹੋ।

ਜੇ ਤੁਸੀਂ ਜੁਰਮ ਬਾਰੇ ਪੁਲਿਸ ਨੂੰ ਰਿਪੋਰਟ ਕਰਦੇ ਹੋ, ਤਾਂ ਆਮ ਤੌਰ 'ਤੇ ਉਹ ਤੁਹਾਨੂੰ ਤੁਹਾਡੀ ਸਥਾਨਕ ਵਿਕਟਿਮ ਸੁਪੋਰਟ ਸਕੀਮ ਬਾਰੇ ਦਸਦੇ ਹਨ।

**Victim Supportline**

**0845 30 30 900**

ਸਵੇਰੇ 9 ਤੋਂ ਸ਼ਾਮ ਦੇ 9 ਵਜੇ ਤਕ ਸੋਮ ਤੋਂ ਸ਼ੁਕਰਵਾਰ ਤਕ
ਸਵੇਰੇ 9 ਤੋਂ ਸ਼ਾਮ ਦੇ 7 ਵਜੇ ਤਕ ਸ਼ਨਿਚਰ - ਐਤਵਾਰ ਦੇ ਦਿਨ
ਸਵੇਰੇ 9 ਤੋਂ ਸ਼ਾਮ ਦੇ 5 ਵਜੇ ਤਕ ਬੈਂਕ ਦੀਆਂ ਛੁੱਟੀਆਂ ਦੇ ਦਿਨ

*PO Box 11431, London SW9 6ZH.*

*ਹਾਲ ਦੀ ਘੜੀ ਫ਼ੋਨ 'ਤੇ ਗੱਲਬਾਤ ਅੰਗਰੇਜ਼ੀ ਵਿਚ ਹੀ ਕੀਤੀ ਜਾ ਸਕਦੀ ਹੈ।*

ਵਿਕਟਿਮ ਸੁਪੋਰਟਲਾਈਨ, ਜੁਰਮ ਦੇ ਸ਼ਿਕਾਰ ਲੋਕਾਂ ਅਤੇ ਗਵਾਹਾਂ ਲਈ ਰਾਸ਼ਟਰੀ ਟੈਲੀਫ਼ੋਨ ਲਾਈਨ ਹੈ। ਸਿਖਿਅਤ ਕਰਮਚਾਰੀ ਅਤੇ ਵਾਲੰਟੀਅਰ ਤੁਹਾਨੂੰ ਵਿਕਟਿਮ ਸੁਪੋਰਟ ਰਾਹੀਂ ਮਿਲ ਸਕਣ ਵਾਲੀਆਂ ਸੇਵਾਵਾਂ ਬਾਰੇ ਦਸ ਸਕਦੇ ਹਨ ਅਤੇ ਸਥਾਨਕ ਸਕੀਮ ਜਾਂ ਵਿਟਨੈੱਸ ਸਰਵਿਸ ਨਾਲ ਤੁਹਾਡਾ ਸੰਪਰਕ ਕਰਵਾ ਸਕਦੇ ਹਨ।

**ਰਾਵਾਂ ਅਤੇ ਸ਼ਿਕਾਇਤਾਂ**

ਵਿਕਟਿਮ ਸੁਪੋਰਟ ਆਪਣੀਆਂ ਸੇਵਾਵਾਂ ਬਾਰੇ ਰਾਵਾਂ ਸੁਣਨਾ ਚਾਹੁੰਦੀ ਹੈ। ਸ਼ਿਕਾਇਤਾਂ ਕਰਨ ਦੀ ਬਾਕਾਇਦਾ ਵਿਧੀ ਹੈ। ਹੋਰ ਜਾਣਕਾਰੀ ਲਈ ਕਿਰਪਾ ਕਰ ਕੇ ਆਪਣੀ ਸਥਾਨਕ ਵਿਕਟਿਮ ਸੁਪੋਰਟ ਸਕੀਮ/ਵਿਟਨੈੱਸ ਸਰਵਿਸ ਜਾਂ ਨੈਸ਼ਨਲ ਆਫ਼ਿਸ ਨਾਲ ਸੰਪਰਕ ਕਰੋ।